ਗੁਰੂ ਨਾਨਕ - ਸਬਦ ੨੦

ਅਸੰਖ ਮੂਰਖ ਅੰਧ ਘੋਰ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੪

ਅਸੰਖ ਮੂਰਖ ਅੰਧ ਘੋਰ ॥
ਅਸੰਖ ਚੋਰ ਹਰਾਮਖੋਰ ॥
ਅਸੰਖ ਅਮਰ ਕਰਿ ਜਾਹਿ ਜੋਰ ॥
ਅਸੰਖ ਗਲਵਢ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥
ਅਸੰਖ ਕੂੜਿਆਰ ਕੂੜੇ ਫਿਰਾਹਿ ॥
ਅਸੰਖ ਮਲੇਛ ਮਲੁ ਭਖਿ ਖਾਹਿ ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥
ਨਾਨਕੁ ਨੀਚੁ ਕਹੈ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੮॥

ਸਾਰ: ਮਨੁੱਖੀ ਚਰਿੱਤਰ ਨੂੰ ਉਸਾਰੂ ਅਤੇ ਢਾਹੂ ਲੱਛਣਾਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ। ਇਹ ਲੱਛਣ ਸਾਡੇ ਵਿਹਾਰ, ਵਿਚਾਰਾਂ, ਭਾਵਨਾਵਾਂ ਅਤੇ ਕਰਮਾਂ ਨੂੰ ਪ੍ਰਭਾਵਿਤ ਕਰਦੇ ਹਨ। ਉਹ ਅੰਤਰੀਵੀ ਸੇਧ ਦੀਆਂ ਪੈੜਾਂ ਦੀ ਤਰ੍ਹਾਂ ਹਨ ਜੋ ਗੁਣਾਂ ਜਾਂ ਵਿਕਾਰਾਂ ਨਾਲ ਜੀਵਨ ਜਿਊਣ ਦੀ ਚੋਣ ਕਰਨ ਵਿੱਚ ਸਾਡੀ ਅਗਵਾਈ ਕਰ ਸਕਦੀਆਂ ਹਨ।

ਅਸੰਖ ਮੂਰਖ ਅੰਧ ਘੋਰ ॥

ਅਨੇਕ ਅਜਿਹੇ ਹਨ ਜੋ ਹੰਕਾਰ ਕਾਰਣ ਅਗਿਆਨੀ ਹਨ ਅਤੇ ਭ੍ਰਿਸ਼ਟਤਾ ਦੇ ਹਨੇਰੇ ਵਿੱਚ ਹਨ।

ਅਸੰਖ ਚੋਰ ਹਰਾਮਖੋਰ ॥

ਬਹੁਤ ਹੱਕਮਾਰੂ ਹਨ ਜੋ ਉਨ੍ਹਾਂ ਚੀਜ਼ਾਂ ਦਾ ਸੇਵਨ ਕਰਦੇ ਹਨ ਜੋ ਉਨ੍ਹਾਂ ਦੇ ਹੱਕ ਦੀਆਂ ਨਹੀਂ।

ਅਸੰਖ ਅਮਰ ਕਰਿ ਜਾਹਿ ਜੋਰ ॥

ਬਹੁਤ ਸਾਰੇ ਹਨ ਜੋ ਅਮਰਤਾ ਦੀ ਇੱਛਾ ਰੱਖਦੇ ਹਨ ਅਤੇ ਜ਼ੁਲਮ ਦਾ ਸਹਾਰਾ ਲੈਂਦੇ ਹਨ।

ਅਸੰਖ ਗਲਵਢ ਹਤਿਆ ਕਮਾਹਿ ॥

ਬਹੁਤ ਸਾਰੇ ਅਜਿਹੇ ਹਨ ਜੋ ਦੂਜਿਆਂ ਨੂੰ ਸਰੀਰਕ ਨੁਕਸਾਨ ਪਹੁੰਚਾਉਂਦੇ ਹਨ।

ਅਸੰਖ ਪਾਪੀ ਪਾਪੁ ਕਰਿ ਜਾਹਿ ॥

ਬਹੁਤ ਸਾਰੇ ਅਜਿਹੇ ਹਨ ਜੋ ਦੁਰਾਚਾਰੀ ਬਣੇ ਰਹਿੰਦੇ ਹਨ, ਅਪਰਾਧ ਤੋਂ ਬਾਅਦ ਅਪਰਾਧ ਕਰਦੇ ਹਨ।

ਅਸੰਖ ਕੂੜਿਆਰ ਕੂੜੇ ਫਿਰਾਹਿ ॥

ਬਹੁਤ ਸਾਰੇ ਹਨ ਜੋ ਬੇਈਮਾਨ ਹਨ ਅਤੇ ਧੋਖੇ ਵਿੱਚ ਫਸੇ ਹੋਏ ਹਨ।

ਅਸੰਖ ਮਲੇਛ ਮਲੁ ਭਖਿ ਖਾਹਿ ॥

ਬਹੁਤ ਸਾਰੇ ਹਨ ਜੋ ਦੁਸ਼ਟ ਹਨ ਅਤੇ ਦੁਸ਼ਟਤਾ ਵਿੱਚ ਖਪਤ ਹੁੰਦੇ ਹਨ।

ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥

ਬਹੁਤ ਸਾਰੇ ਹਨ ਜੋ ਨਿੰਦਿਆ ਕਰਦੇ ਹਨ ਅਤੇ ਆਪਣੀ ਮਾਰੂ ਸੋਚ ਦਾ ਬੋਝ ਚੁੱਕਦੇ ਹਨ।

ਨਾਨਕੁ ਨੀਚੁ ਕਹੈ ਵੀਚਾਰੁ ॥

ਨਾਨਕ, ਨਿਮਰਤਾ ਵਿੱਚ, ਵਿਚਾਰ ਕਰਨ ਤੋਂ ਬਾਅਦ, ਸਿੱਟਾ ਕੱਢਦੇ ਹਨ ਕਿ ਸਮਾਜਿਕ ਰੁਤਬੇ ਦੀ ਥਾਂ ਕਿਸੇ ਦੇ ਕਰਮ ਉਸਦੀ ਕੀਮਤ ਇੱਕ ਨੀਚ ਵਿਅਕਤੀ ਦੇ ਰੂਪ ਵਿੱਚ ਨਿਰਧਾਰਤ ਕਰਦੇ ਹਨ।

ਵਾਰਿਆ ਨ ਜਾਵਾ ਏਕ ਵਾਰ ॥

ਇਸ ਦੀ ਵਿਸ਼ਾਲਤਾ ਨੂੰ ਇੱਕ ਪਲ ਲਈ ਵੀ ਘੇਰੇ ਵਿੱਚ ਨਹੀਂ ਲਿਆ ਜਾ ਸਕਦਾ।

ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਜੋ ਵੀ ਕੁਦਰਤ ਦੁਆਰਾ ਨਿਰਧਾਰਤ ਕੀਤਾ ਗਿਆ ਹੈ ਉਹ ਸਰਬਤ ਦੇ ਭਲੇ ਲਈ ਉਮਦਾ ਕਰਮ ਹੈ।

ਤੂ ਸਦਾ ਸਲਾਮਤਿ ਨਿਰੰਕਾਰ ॥੧੮॥

ਸਰਬ-ਵਿਆਪਕ ਚੇਤਨਾ ਸਦੀਵੀ ਅਤੇ ਨਿਰਾਕਾਰ ਹੈ। (੧੮)

ਤੱਤ: ਗੁਰੂ ਨਾਨਕ ਆਖਦੇ ਹਨ ਕਿਸੇ ਦਾ ਰੁਤਬਾ ਅਕਸਰ ਬਾਹਰੀ ਪੈਮਾਨਿਆਂ ਜਿਵੇਂ ਕਿ ਆਰਥਿਕ ਪਿਛੋਕੜ, ਜਾਤ, ਜਾਂ ਸ਼ਕਤੀ ਦੇ ਦਰਜ਼ੇ ਦੁਆਰਾ ਮਾਪਿਆ ਜਾਂਦਾ ਹੈ। ਇਨ੍ਹਾਂ ਕਾਰਣ ਅਰਥਹੀਨ ਮਾਨ ਯਾ ਵਡਿਆਈ ਆ ਸਕਦੀ ਹੈ, ਪਰ ਇਹ ਇੱਕ ਨੇਕ ਚਰਿੱਤਰ ਦਾ ਮਾਪਦੰਡ ਨਹੀਂ ਹਨ। ਗੁਣ ਸਾਰਥਕ ਜੀਵਨ ਦਾ ਆਧਾਰ ਹਨ। ਉਹ ਸਾਡੇ ਚਰਿੱਤਰ ਨੂੰ ਤਰਾਸ਼ਦੇ ਹਨ, ਸਾਡੇ ਵਤੀਰੇ ਨੂੰ ਪ੍ਰਭਾਵਿਤ ਕਰਦੇ ਹਨ, ਅਤੇ ਸਾਡੇ ਚੋਗਿਰਦੇ 'ਤੇ ਉਸਾਰੂ ਪ੍ਰਭਾਵ ਪਾਉਣ ਲਈ ਸਾਡੀ ਸਮੁੱਚੀ ਭਲਾਈ ਵਿੱਚ ਯੋਗਦਾਨ ਪਾਉਂਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**